# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਐਸ.ਸੀ.ਓ. ਨੰ :104-106, ਦੂਜੀ ਅਤੇ ਤੀਜੀ ਮੰਜਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
2. ਸਮੂਹ ਸਕੂਲ ਮੁੱਖੀ (ਵੈਬ-ਸਾਈਟ ਰਾਹੀ)
3. ਸਮੂਹ ਸਾਇੰਸ ਅਧਿਆਪਕ ((ਵੈਬ-ਸਾਈਟ ਰਾਹੀ)

ਮੀਮੋ ਨੰ.: ਐਸ.ਐਸ.ਏ/ਐਮਸੀ/2010/ 68742-763
ਮਿਤੀ, ਚੰਡੀਗੜ੍ਹ 9-11-2010

ਵਿਸ਼ਾ:- ਐਸ.ਐਲ.ਏ. ਦੀ ਏ.ਸੀ.ਆਰ ਲਿਖਣ ਬਾਰੇ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਮੇਂ - ਸਮੇਂ ਸਕੂਲਾਂ ਦੇ ਕੀਤੇ ਗਏ ਨਿਰੀਖਣ ਦੀ ਰਿਪੋਰਟਾਂ ਅਤੇ ਸਾਇੰਸ ਅਧਿਆਪਕਾਂ ਨਾਲ ਕੀਤੀ ਮੀਟਿੰਗਾਂ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਸਕੂਲਾਂ ਵਿੱਚ ਕੰਮ ਕਰਦੇ ਐਸ.ਐਲ.ਏ. ਪ੍ਰਯੋਗਸ਼ਾਲਾਵਾਂ ਦੀ ਦੇਖ-ਰੇਖ ਵਿੱਚ ਸਾਇੰਸ ਅਧਿਆਪਕਾਂ ਨਾਲ ਵਿਦਿਆਰਥੀਆਂ ਦੇ ਪ੍ਰੈਕਟੀਕਲ ਕਰਵਾਉਣ ਸਮੇ ਸਮਾਨ ਪ੍ਰਤੀ ਦੇਣ ਦੀ ਜਿੰਮੇਵਾਰੀ ਨੂੰ ਨਜ਼ਰ ਅੰਦਾਜ ਕਰਕੇ ਫੀਲਡ ਦੇ ਕੰਮਾਂ ਨੂੰ ਤਰਜੀਹ ਦਿੰਦੇ ਹਨ। ਜਿਸ ਵਿੱਚ ਬਤੌਰ ਡੀ.ਡੀ.ਓ ਸਕੂਲ ਮੁੱਖੀ ਵੱਲੋਂ ਨੋਟਿਸ ਨਹੀ ਲਿਆ ਜਾਂਦਾ । ਇਸ ਲਈ ਸਮੂਹ ਸਾਇੰਸ ਅਧਿਆਪਕ ਦੀ ਮੰਗ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆ ਅਤੇ ਸਾਇੰਸ ਵਿਸ਼ੇ ਦੀ ਪ੍ਰੈਕਟੀਕਲਾਂ ਨੂੰ ਨਿਯਮਬੱਧ ਤਰੀਕੇ ਨਾਲ ਕਰਵਾਉਣ ਲਈ ਐਸ.ਐਲ.ਏ. ਦਾ ਆਪਣੇ ਕੰਮ ਪ੍ਰਤੀ ਸੰਜੀਦਾ ਹੋਣਾ ਜਰੂਰੀ ਹੈ।ਇਸ ਲਈ ਸਮੂਹ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਐਸ.ਐਲ.ਏ. ਦੀ ਏ.ਸੀ.ਆਰ ਲਿਖਣ ਤੋਂ ਪਹਿਲਾ ਸਬੰਧਤ ਸਾਇੰਸ ਵਿਸ਼ੇ ਦੇ ਅਧਿਆਪਕ/ਲੈਕਚਰਾਰ ਦੀ ਉਹਨਾਂ ਨਾਲ ਕੰਮ ਕਰਦੇ ਐਸ.ਐਲ.ਏ. ਦੇ ਕੰਮ ਪ੍ਰਤੀ ਟਿੱਪਣੀ ਲਈ ਜਾਵੇ ਅਤੇ ਉਸ ਤੋ ਬਾਅਦ ਉਸਦੀ ਏ.ਸੀ.ਆਰ ਲਿਖੀ ਜਾਵੇ।

3.0 ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ